# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 12.07.2019 ਨੂੰ ਦੁਪਹਿਰ 3.00 ਵਜੇ

ਅੱਜ ਮਿਤੀ 12.07.2019 ਨੂੰ ਦੁਪਹਿਰ 3.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 13 | ਹਰਮਿੰਦਰ ਸਿੰਘ | 17 | ਕੌਂਸਲਰ |
| 14 | ਰਾਜਾ ਸਿੰਘ | 18 | ਕੌਂਸਲਰ |
| 15 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਤਰਲੋਚ ਸਿੰਘ | 29 | ਕੌਂਸਲਰ |
| 23 | ਪ੍ਰੀਤਮ ਕੌਰ | 31 | ਕੌਂਸਲਰ |
| 24 | ਸ਼ਾਮ ਲਾਲ ਜੈਨ | 32 | ਕੌਂਸਲਰ |
| 25 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 26 | ਸੰਜੇ | 35 | ਕੌਂਸਲਰ |
| 27 | ਜਗਰਾਜ ਸਿੰਘ | 36 | ਕੌਂਸਲਰ |
| 28 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 29 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 30 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 31 | ਅੰਜਨਾ ਰਾਣੀ | 41 | ਕੌਂਸਲਰ |
| 32 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 33 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 34 | ਸੁਖਵਿੰਦਰ ਕੌਰ | 45 | ਕੌਂਸਲਰ |
| 35 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 36 | ਨਿਰਮਲ ਕੌਰ | 47 | ਕੌਂਸਲਰ |
| 37 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 38 | ਗੁਰਮੀਤ ਕੌਰ | 49 | ਕੌਂਸਲਰ |
| 39 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਮਾਨਯੋਗ ਮੇਅਰ ਸਾਹਿਬ ਨੇ ਸਮੁੱਚੇ ਹਾਊਸ ਨੂੰ ਸੰਬੋਧਿਤ ਕੀਤਾ ਕਿ ਅੱਜ ਤਕਰੀਬਨ 4-5 ਮਹੀਨਿਆਂ ਬਾਅਦ ਨਗਰ ਨਿਗਮ ਦੀ ਮੀਟਿੰਗ ਹੋ ਰਹੀ ਹੈ। ਉਹਨਾਂ ਕਿਹਾ ਕਿ ਬਠਿੰਡਾ ਦੇ ਵਿਕਾਸ ਵਿੱਚ ਸਾਰੇ ਕੌਂਸਲਰ ਸਾਹਿਬਾਨ ਨੇ ਆਪਣਾ ਯੋਗਦਾਨ ਪਾਇਆ ਹੈ। ਸਾਰੇ ਕੌਂਸਲਰ ਸਾਹਿਬਾਨ ਨੇ ਆਪਣੇ-ਆਪਣੇ ਇਲਾਕਿਆਂ ਵਿੱਚ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਅਜਿਹਾ ਕੋਈ ਵੀ ਮੈਂਬਰ ਨਹੀਂ ਹੈ ਜਿਸ ਨੇ ਪੂਰੀ ਤਨਦੇਹੀ ਨਾਲ ਕੰਮ ਨਾ ਕੀਤਾ ਹੋਵੇ। ਉਹਨਾਂ ਇਹ ਵੀ ਕਿਹਾ ਕਿ ਹਰ ਕੰਮ ਇੱਕੋ ਵੇਲੇ ਹੀ ਪੂਰੇ ਨਹੀਂ ਹੋ ਸਕਦੇ। ਨਗਰ ਨਿਗਮ ਨੇ ਫੰਡਾਂ ਦੀ ਪੁਜੀਸ਼ਨ ਅਤੇ ਸਮੱਰਥਾ ਅਨੁਸਾਰ ਸ਼ਹਿਰ ਵਿੱਚ ਕੰਮ ਕਰਵਾਏ ਗਏ ਹਨ। ਉਹਨਾਂ

ਬਠਿੰਡਾ ਸ਼ਹਿਰ ਨੂੰ ਪੰਜਾਬ ਵਿੱਚ ਇੱਕ ਨੰਬਰ ਅਤੇ ਹਿੰਦੁਸਤਾਨ ਵਿੱਚ 31ਵੇਂ ਨੰਬਰ ਤੇ ਆਉਣ ਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਇਸਤੇ ਸਮੁੱਚੇ ਹਾਊਸ ਵੱਲੋਂ ਮੇਜ਼ਾਂ ਥਪਥਪਾਈਆਂ।

ਮਾਨਯੋਗ ਮੇਅਰ ਸਾਹਿਬ ਨੇ ਸ਼ਹਿਰ ਵਿੱਚ ਸੀਵਰੇਜ਼ ਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਅਤੇ ਜਿਸ ਥਾਂ ਸੀਵਰ ਨਹੀਂ ਪਿਆ, ਉਸ ਜਗ੍ਹਾ ਸੀਵਰ ਪਾਉਣ ਸਬੰਧੀ ਕੇਂਦਰ ਸਰਕਾਰ ਦੇ 48.52 ਕਰੋੜ੍ਹ ਰੁਪਏ ਦੇ ਪ੍ਰੋਜੈਕਟ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਕੰਮ ਦੀ ਮਹੱਤਤਾ ਅਤੇ ਸ਼ਹਿਰ ਨਿਵਾਸੀਆਂ ਨੂੰ ਆਉਂਦੀ ਸਮੱਸਿਆ ਨੂੰ ਦੇਖਦੇ ਹੋਏ ਜਲਦ ਤੋਂ ਜਲਦ ਪ੍ਰੋਜੈਕਟ ਰਿਪੋਰਟ ਨੂੰ ਹਾਊਸ ਵਿੱਚ ਪੇਸ਼ ਕਰਨ ਬਾਰੇ ਦਫਤਰ ਨੂੰ ਕਿਹਾ ਗਿਆ ਸੀ। ਪਰੰਤੂ ਪ੍ਰੋਜੈਕਟ ਰਿਪੋਰਟ ਪੇਸ਼ ਨਾ ਹੋਣ ਅਤੇ ਸਮਾਂ ਘੱਟ ਹੋਣ ਕਾਰਨ ਇਸ ਮੱਦ ਨੂੰ ਏਜੰਡਾ ਆਈਟਮ ਨਹੀਂ ਬਣਾਇਆ ਜਾ ਸਕਿਆ। ਅੱਜ ਹਾਊਸ ਦੀ ਮੀਟਿੰਗ ਵਿੱਚ ਦਫਤਰ ਵੱਲੋਂ ਪ੍ਰੋਜੈਕਟ ਰਿਪੋਰਟ ਪੇਸ਼ ਕੀਤੀ ਗਈ ਹੈ। ਇਸ ਲਈ ਉਹਨਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਇਸ ਮੱਦ ਨੂੰ ਟੇਬਲ ਤੇ ਵਿਚਾਰ ਲਿਆ ਜਾਵੇ। ਇਸ ਸਬੰਧੀ ਉਹਨਾਂ ਇਹ ਵੀ ਦਸਿਆ ਕਿ ਉਹਨਾਂ ਵੱਲੋਂ AMRUT Scheme ਅਧੀਨ ਇਹ ਕੰਮ ਨਿਗਮ ਵੱਲੋਂ ਆਪਣੇ ਪੱਧਰ ਤੇ ਜਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਜਲਦ ਤੋਂ ਜਲਦ ਕਰਵਾਏ ਜਾਣ ਖਾਤਰ ਅਤੇ ਲੋਕਾਂ ਨੂੰ ਬਣਦੀਆਂ ਮੁਢਲੀਆਂ ਸਹੂਲਤਾਂ ਦੇਣ ਸਬੰਧੀ ਪਹਿਲਾਂ ਹੀ ਦਫਤਰ ਨੂੰ ਪੱਤਰ ਨੰਬਰ 2052 ਮਿਤੀ 05.07.2019 ਰਾਹੀਂ ਲਿਖਿਆ ਗਿਆ ਹੈ। ਇਸ ਲਈ ਉਹਨਾਂ ਕਿਹਾ ਕਿ ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਅੱਜ ਦੀ ਮੀਟਿੰਗ ਵਿੱਚ ਦਫਤਰ ਵੱਲੋਂ ਤਿੰਨ ਕਿਤਾਬਾਂ ਵਿੱਚ ਪ੍ਰੋਜੈਕਟ ਰਿਪੋਰਟ ਟੇਬਲ ਤੇ ਪੇਸ਼ ਕੀਤੀ ਗਈ ਇਸ ਮੱਦ ਨੂੰ ਵੀ ਵਿਚਾਰ ਲਿਆ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਸ਼ਹਿਰ ਵਿੱਚ ਸੀਵਰੇਜ਼ ਦੇ ਗੰਦੇ ਪਾਣੀ ਦੀ ਨਿਕਾਸੀ ਵਿੱਚ ਬਹੁਤ ਦਿੱਕਤਾਂ ਆ ਰਹੀਆਂ ਹਨ। ਸ਼ਹਿਰ ਵਿੱਚ ਸੀਵਰੇਜ਼ ਦੀ ਸਹੂਲਤ ਅਤੇ ਵਿਵਸਥਾ ਵਿੱਚ ਸੁਧਾਰ ਲਿਆਉਣ ਖਾਤਰ ਕੇਂਦਰ ਸਰਕਾਰ ਵੱਲੋਂ 48.52 ਕਰੋੜ੍ਹ ਰੁਪਏ ਦਾ ਪ੍ਰੋਜੈਕਟ ਬਣਾ ਕੇ ਫੰਡਜ਼ ਭੇਜੇ ਜਾ ਰਹੇ ਹਨ। ਇਸ ਪ੍ਰੋਜੈਕਟ ਵਿੱਚ ਕੇਂਦਰ ਸਰਕਾਰ ਦਾ 50%, ਪੰਜਾਬ ਸਰਕਾਰ ਦਾ 30% ਅਤੇ ਨਗਰ ਨਿਗਮ ਦਾ 20% ਹਿੱਸਾ ਹੋਵੇਗਾ। ਇਸਤੇ ਉਹਨਾਂ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ ਜੀ ਦਾ, ਬੀਬਾ ਹਰਸਿਮਰਤ ਕੋਰ ਜੀ ਬਾਦਲ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਸ੍ਰ: ਨਿਰਮਲ ਸਿੰਘ ਸੰਧੂ, ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਸ੍ਰ: ਹਰਪਾਲ ਸਿੰਘ ਢਿੱਲੋਂ, ਸ੍ਰ: ਹਰਜਿੰਦਰ ਸਿੰਘ ਟੋਨੀ ਤੋਂ ਇਲਾਵਾ ਕਈ ਕੋਂਸਲਰ ਸਾਹਿਬਾਨ ਨੇ ਵੀ ਇਸਤੇ ਧੰਨਵਾਦ ਕੀਤਾ। ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਕਿਉਂ ਜੋ ਬਠਿੰਡਾ ਸ਼ਹਿਰ ਦਾ ਸੀਵਰੇਜ਼ ਸਿਸਟਮ ਠੀਕ ਨਹੀਂ ਹੈ, ਇਸ ਕਾਰਨ ਹੀ ਕੇਂਦਰ ਸਰਕਾਰ ਵੱਲੋਂ ਫੰਡਜ਼ ਭੇਜੇ ਜਾ ਰਹੇ ਹਨ। ਉਹਨਾਂ ਕਮਿਸ਼ਨਰ ਸਾਹਿਬ ਅਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਕਿਹਾ ਕਿ ਸਿਕਰੀ ਬਾਜਾਰ, ਪੁਰਾਣਾ ਥਾਣਾ, ਅਮਰਪੁਰਾ ਬਸਤੀ, ਗੁਰੂ ਨਾਨਕ ਪੁਰਾ ਮੁੱਹਲਾ, ਪਰਸ ਰਾਮ ਨਗਰ ਆਦਿ ਵਿਖੇ ਬਰਸਾਤਾਂ ਦੋਰਾਨ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਆ ਰਹੀ ਸਮੱਸਿਆ ਬਾਰੇ ਦਸਿਆ। ਉਹਨਾਂ ਕਿਹਾ ਕਿ ਸਿਰਕੀ ਬਾਜਾਰ ਡਿਸਪੋਜ਼ਲ ਅਤੇ ਪਾਵਰ ਹਾਊਸ ਰੋਡ ਤੇ ਕੂਲੈਕਟਿੰਗ ਟੈਂਕ/ਪੰਪ ਚੈਂਬਰ ਬਣਾ ਕੇ ਸ਼ਾਫਟ ਬਣਾ ਕੇ ਅਤੇ ਰਾਇਜ਼ਿੰਗ ਮੇਨ ਪਾ ਕੇ ਬਰਸਾਤੀ ਪਾਣੀ ਦੀ ਨਿਕਾਸੀ ਕਰਨ ਸਬੰਧੀ ਕਾਰਵਾਈ ਕੀਤੀ ਜਾਵੇ, ਤਾਂ ਜੋ ਬਰਸਾਤਾਂ ਦੋਰਾਨ ਬਾਰਸ਼ ਦਾ ਪਾਣੀ ਸੜ੍ਹਕਾਂ ਤੇ ਖੜ੍ਹਾ ਨਾ ਹੋਵੇ ਅਤੇ ਪਾਣੀ ਨੂੰ ਪ੍ਰੈਸ਼ਰ ਨਾਲ ਬਾਹਰ ਲਿਜਾਇਆ ਜਾ ਸਕੇ। ਸ੍ਰ: ਰਾਜਵਿੰਦਰ ਸਿੰਘ ਸਿੱਧੂ, ਕੋਂਸਲਰ ਨੇ ਕਿਹਾ ਕਿ ਪ੍ਰੋਜੈਕਟ ਵਿੱਚ ਦਰਜ਼ ਸੀਵਰੇਜ਼ ਨੈਟਵਰਕ ਸਮੇਤ ਮੇਨਹੋਲ ਬਨਾਉਣ ਸਬੰਧੀ 1634.32 ਲੱਖ ਰੁਪਏ ਦੇ ਕੰਮਾਂ ਲਈ ਨਿਗਮ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਕਮੇਟੀ ਬਣਾ ਲਈ ਜਾਵੇ ਤਾਂ ਜੋ ਕੰਮ ਵਧੀਆ ਤਰੀਕੇ ਨਾਲ ਕਰਵਾਏ ਜਾ ਸਕਣ। ਇਸਤੇ ਸਹਿਮਤੀ ਦਿੰਦੇ ਹੋਏ ਮਾਨਯੋਗ ਮੇਅਰ ਸਾਹਿਬ ਨੂੰ ਕਮੇਟੀ ਬਨਾਉਣ ਦੇ ਅਧਿਕਾਰ ਦਿੱਤੇ ਗਏ।

ਇਸਤੇ ਸ਼੍ਰੀ ਜਗਰੂਪ ਸਿੰਘ ਗਿੱਲ, ਕੋਂਸਲਰ ਨੇ ਇਤਰਾਜ਼ ਕਰਦੇ ਹੋਏ ਕਿਹਾ ਕਿ ਪਹਿਲਾਂ ਇਸ ਸਬੰਧੀ ਏਜੰਡਾ ਹਾਊਸ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਇਸ ਉਪਰੰਤ ਹੀ ਇਸਤੇ ਵਿਚਾਰ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਸ਼ਹਿਰ ਵਿੱਚ ਤਕਰੀਬਨ 29.00 ਕਰੋੜ੍ਹ ਰੁਪਏ ਦੇ ਵਿਕਾਸ ਦੇ ਕੰਮ ਚੱਲ ਰਹੇ ਹਨ। ਇਹ ਕੰਮ ਨਗਰ ਸੁਧਾਰ ਟਰੱਸਟ ਵੱਲੋਂ ਕਰਵਾਏ ਜਾ ਰਹੇ ਹਨ। ਉਹਨਾਂ ਦਸਿਆ ਕਿ ਥਾਂ-ਥਾਂ ਸੀਵਰ ਬੰਦ ਪਏ ਹਨ। ਇਸਤੇ ਸ੍ਰ: ਰਾਜਵਿੰਦਰ ਸਿੰਘ ਸਿੱਧੂ, ਕੋਂਸਲਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਬੇਇਮਾਨ ਸਮਝਦੇ ਹੋਏ ਤਕਰੀਬਨ 16.00 ਕਰੋੜ੍ਹ ਰੁਪਏ ਨਗਰ ਸੁਧਾਰ ਟਰੱਸਟ ਨੂੰ ਦਿੱਤੇ ਗਏ ਹਨ। ਉਹਨਾਂ ਦਸਿਆ ਕਿ ਨਿਗਮ ਵਿਖੇ ਨਿਗਰਾਨ ਇੰਜੀਨੀਅਰ, ਨਿਗਮ ਇੰਜੀਨੀਅਰ, ਸਹਾਇਕ ਨਿਗਮ ਇੰਜੀਨੀਅਰ ਅਤੇ ਹੋਰ ਲੋੜੀਂਦੇ ਅਫਸਰ ਮੋਜੂਦ ਹਨ। ਉਹਨਾਂ ਕਿਹਾ ਕਿ ਇੰਨੇ ਅਫਸਰ ਇੱਥੇ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਤੇ ਭਰੋਸਾ ਨਾ ਕਰਕੇ ਫੰਡ ਨਗਰ ਸੁਧਾਰ ਟਰੱਸਟ ਨੂੰ ਦਿੱਤੇ ਜਾ ਰਹੇ ਹਨ।

ਸ੍ਰ:ਗੁਰਸੇਵਕ ਸਿੰਘ ਮਾਨ,ਕੋਂਸਲਰ ਨੇ ਕਿਹਾ ਕਿ ਪਰਸ ਰਾਮ ਨਗਰ, ਗਲੀ ਨੰਬਰ 35 ਵਿਖੇ ਪੀ.ਸੀ. ਪਾਉਣ ਉਪਰੰਤ ਸੀਵਰੇਜ਼ ਦੇ ਢੱਕਣ ਲੁੱਕ ਥੱਲੇ ਦੱਬ ਗਏ ਸਨ। ਸੀਵਰ ਜਾਮ ਹੋਣ ਤੇ ਗੰਦਾ ਪਾਣੀ ਸੜ੍ਹਕਾਂ ਤੇ ਖੜ੍ਹਾ ਹੋ ਗਿਆ ਅਤੇ ਲੋਕਾਂ ਦੇ ਘਰਾਂ ਵਿੱਚ ਵੜ੍ਹ ਗਿਆ। ਉਹਨਾਂ ਦਸਿਆ ਕਿ ਉਹਨਾਂ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਅਤੇ ਸ਼੍ਰੀ ਵੇਦ ਪ੍ਰਕਾਸ਼, ਜੂਨੀਅਰ ਇੰਜੀਨੀਅਰ ਨੂੰ ਵਾਰ-ਵਾਰ ਇਸ ਸਮੱਸਿਆ ਦਾ ਹੱਲ ਕਰਨ ਲਈ ਕਿਹਾ ਗਿਆ। ਪਰੰਤੂ ਸ਼੍ਰੀ ਵੇਦ ਪ੍ਰਕਾਸ਼, ਜੂਨੀਅਰ ਇੰਜੀਨੀਅਰ ਨੇ ਜਵਾਬ ਦਿੱਤਾ ਕਿ ਇਹ ਕੰਮ ਮੇਰਾ ਨਹੀਂ ਹੈ, ਬਲਕਿ ਤੇਰਾ ਹੈ। ਕਾਰਜਕਾਰੀ ਇੰਜੀਨੀਅਰ ਨੇ ਇੱਕ ਵਾਰੀ ਫੋਨ ਚੁੱਕਣ ਤੋਂ ਬਾਅਦ ਫਿਰ ਫੋਨ ਨਹੀਂ ਚੁੱਕਿਆ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਕੰਮ ਨਾ ਕਰਨ ਤੇ ਨਗਰ ਨਿਗਮ ਦੇ ਜੂਨੀਅਰ ਇੰਜੀਨੀਅਰ ਸ਼੍ਰੀ ਕਮਲ ਰਾਮ ਨੇ ਸਮੱਸਿਆ ਦਾ ਹੱਲ ਕੀਤਾ। ਸ੍ਰ: ਗੁਰਸੇਵਕ ਸਿਘ ਮਾਨ, ਕੋਂਸਲਰ ਨੇ ਕਿਹਾ ਕਿ ਪਾਣੀ ਅਤੇ ਸੀਵਰੇਜ਼ ਦੀ ਕੋਈ ਵੀ ਸਮੱਸਿਆ ਹੋਣ ਤੇ ਨਾ ਤਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਸੁਣਵਾਈ ਕੀਤੀ ਜਾਂਦੀ ਹੈ ਅਤੇ ਨਾ ਹੀ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆ ਵੱਲੋਂ। ਉਹਨਾਂ ਕਿਹਾ ਕਿ ਪਾਣੀ ਅਤੇ ਸੀਵਰੇਜ਼ ਸਬੰਧੀ ਕਿਸੇ ਵੀ ਸ਼ਿਕਾਇਤ ਦਾ ਇੱਕ ਮਹੀਨੇ ਤੋਂ ਪਹਿਲਾਂ ਹੱਲ ਨਹੀਂ ਕੀਤਾ ਜਾਂਦਾ। ਸ੍ਰ: ਗੁਰਸੇਵਕ ਸਿੰਘ ਮਾਨ, ਕੋਂਸਲਰ ਨੇ ਇਹ ਵੀ ਦਸਿਆ ਕਿ ਉਹਨਾਂ ਦੇ ਏਰੀਏ ਵਿੱਚ ਪਾਣੀ ਦੇ ਨਿਕਾਸ ਲਈ 24" ਲਾਈਨ ਪਾਈ ਗਈ ਸੀ, ਜੋ ਬੰਦ ਪਈ ਹੈ। ਉਹਨਾਂ ਜਲਦ ਤੋਂ ਜਲਦ ਇਸ ਲਾਈਨ

ਨੂੰ ਚਾਲੂ ਕਰਨ ਦੀ ਮੰਗ ਕੀਤੀ। ਇਸਤੇ ਸ਼੍ਰੀ ਰਾਕੇਸ਼ ਮਹਿਤਾ, ਸਹਾਇਕ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਦਸਿਆ ਕਿ ਇਹ ਲਾਈਨ ਚਾਲੂ ਕਰ ਦਿੱਤੀ ਗਈ ਹੈ। ਉਹਨਾਂ ਦਸਿਆ ਕਿ ਕਈ ਵਾਰ ਕੈਨਾਲ ਕਲੋਨੀ ਡਿਸਪੋਜ਼ਲ ਤੇ ਲੱਗੀ ਮੋਟਰ ਦੇ ਬੰਦ ਹੋਣ ਦੀ ਦਸ਼ਾ ਵਿੱਚ ਪਰਸ ਰਾਮ ਨਗਰ ਵਿੱਚ ਪਾਣੀ ਭਰਨ ਦੀ ਨੌਬਤ ਆਉਂਦੀ ਹੈ। ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਇਹ ਵੀ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਜੋ ਡਸਟਬੀਨ ਲਗਾਏ ਗਏ ਸਨ, ਉਹਨਾਂ ਦੀ ਸਫਾਈ ਨਾ ਹੋਣ ਕਾਰਨ ਇਹ ਬਹੁਤ ਬੁਰੇ ਹਾਲ ਵਿੱਚ ਹਨ। ਕਈ ਥਾਂਈਂ ਇਹ ਡਸਟਬੀਨ ਟੁੱਟ ਵੀ ਚੁੱਕੇ ਹਨ। ਉਹਨਾਂ ਇਸ ਸਬੰਧੀ ਧਿਆਨ ਦੇਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਸ ਸਬੰਧੀ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਪਰਸ ਰਾਮ ਨਗਰ ਵਿੱਚ ਮੋਟਰਾਂ ਬੰਦ ਪਈਆਂ ਹਨ। ਇਸ ਨਾਲ ਬਾਰਸ਼ ਦਾ ਪਾਣੀ ਸੜ੍ਹਕਾਂ ਤੇ ਖੜ੍ਹਾ ਹੈ। ਉਹਨਾਂ ਦਸਿਆ ਕਿ ਪਹਿਲਾਂ ਇਹ ਪਾਣੀ 1-2 ਘੰਟਿਆ ਵਿੱਚ ਨਿਕਲ ਜਾਂਦਾ ਸੀ, ਪਰੰਤੂ ਹੁਣ 12-12 ਘੰਟੇ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ। ਉਹਨਾਂ ਇਹ ਵੀ ਦਸਿਆ ਕਿ 24" ਲਾਈਨ ਥਰਮਲ ਪਾਸ ਜਾ ਕੇ ਖੁੱਲਦੀ ਹੈ। ਉਹਨਾਂ ਇਸਨੂੰ ਤੁਰੰਤ ਚੈਕ ਕਰਵਾਉਣ ਦੀ ਮੰਗ ਕੀਤੀ। ਇਸਦੀ ਤਾਇਦ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਵੀ ਕੀਤੀ। ਇਸਤੇ ਸ਼੍ਰੀ ਵੇਦ ਪ੍ਰਕਾਸ਼, ਜੂਨੀਅਰ ਇੰਜੀਨੀਅਰ ਨੇ ਦਸਿਆ ਕਿ ਕੈਨਾਲ ਕਲੋਨੀ ਵਾਲੀ ਡਿਸਪੋਜ਼ਲ ਪਰਸ ਰਾਮ ਨਗਰ ਡਿਸਪੋਜ਼ਲ ਨਾਲ ਜੋੜ੍ਹਨ ਕਰਕੇ ਸਾਰਾ ਪਾਣੀ ਪਰਸ ਰਾਮ ਨਗਰ ਵਿੱਚ ਆਉਣ ਕਰਕੇ ਇਹ ਸਮੱਸਿਆ ਆ ਰਹੀ ਹੈ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭੱਵਿਖ ਵਿੱਚ ਅਜਿਹੀ ਸ਼ਿਕਾਇਤ ਦਾ ਮੌਕਾ ਨਾ ਮਿਲੇ।

ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਤ੍ਰਿਵੇਣੀ ਕੰਪਨੀ ਤੋਂ ਨਗਰ ਨਿਗਮ ਨੇ ਕੰਮ ਕਰਵਾਉਣਾ ਹੈ। ਉਹਨਾਂ ਕਿਹਾ ਕਿ ਇੰਨ੍ਹਾ ਤੇ ਪੂਰਾ ਕੰਟਰੋਲ ਰੱਖਿਆ ਜਾਵੇ। ਉਹਨਾਂ ਪੁੱਛਿਆ ਕਿ ਨਗਰ ਨਿਗਮ ਦੇ ਅਧਿਕਾਰੀਆਂ ਨੇ ਪਿਛਲੇ ਪੰਜ ਸਾਲਾਂ ਦੋਰਾਨ ਇੰਨ੍ਹਾਂ ਨਾਲ ਕੋਈ ਪੱਤਰ ਵਿਹਾਰ ਕੀਤਾ? ਇਸ ਸਬੰਧੀ ਸੁਪਰਵੀਜ਼ਨ ਕਰਨ ਦੀ ਡਿਊਟੀ ਨਿਗਮ ਦੇ ਸੁਪਰਵਾਇਜ਼ਰਾਂ ਦੀ ਬਣਦੀ ਹੈ। ਉਹਨਾਂ ਪੁੱਛਿਆ ਕਿ ਕੀ ਸੁਪਰਵਾਇਜ਼ਰਾਂ ਵੱਲੋਂ ਉਹਨਾਂ ਦੀ ਤਨਦੇਹੀ ਨਾਲ ਡਿਊਟੀ ਨਿਭਾਈ ਗਈ ਹੈ?

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਮਿਸ਼ਨਰ ਸਾਹਿਬ ਅਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਕਿਹਾ ਕਿ ਜਲਦ ਤੋਂ ਜਲਦ ਉਕਤ ਕਮੀਆਂ ਨੂੰ ਦੂਰ ਕੀਤਾ ਜਾਵੇ।

ਸ੍ਰ: ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਸ੍ਰ: ਮਨਪ੍ਰੀਤ ਸਿੰਘ ਬਾਦਲ ਵੱਲੋਂ ਉਹਨਾਂ ਦੇ ਏਰੀਏ ਵਿੱਚ 65.00 ਲੱਖ ਰੁਪਏ ਖਰਚ ਕਰਕੇ ਸੜ੍ਹਕ ਬਣਾਈ ਜਾ ਰਹੀ ਹੈ। ਇਸਤੇ ਸ੍ਰ:ਹਰਪਾਲ ਸਿੰਘ ਕੌਂਸਲਰ ਨੇ ਕਿਹਾ ਕਿ ਜੇਕਰ ਸ੍ਰ: ਮਨਪ੍ਰੀਤ ਸਿੰਘ ਬਾਦਲ ਜੀ ਵੱਲੋਂ ਇਹਨਾਂ ਦੇ ਵਾਰਡ ਵਿੱਚ 65.00 ਲੱਖ ਰੁਪਏ ਨਾਲ ਸੜ੍ਹਕ ਬਣਾਈ ਜਾ ਰਹੀ ਹੈ ਤਾਂ ਬਾਕੀ ਦੇ ਕਾਂਗਰਸ ਪਾਰਟੀ ਦੇ ਕੌਂਸਲਰ ਸਾਹਿਬਾਨ ਦੇ ਵਾਰਡਾਂ ਵਿੱਚ ਕੰਮ ਕਿਉਂ ਨਹੀਂ ਕਰਵਾਇਆ ਜਾ ਰਿਹਾ।

ਸ੍ਰ: ਜਗਰੂਪ ਸਿੰਘ ਗਿੱਲ,ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਸਿਰਫ ਪਾਣੀ ਦੀ ਨਿਕਾਸੀ ਦਾ ਹੀ ਮਸਲਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਮਿਸ਼ਨਰ ਸਾਹਿਬ ਅਤੇ ਨਿਗਰਾਨ ਇੰਜੀਨੀਅਰ ਨੂੰ ਸਮੱਸਿਆ ਦੇ ਹੱਲ ਬਾਰੇ ਪੁੱਛਿਆ? ਇਸਤੇ ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਇਸ ਸਬੰਧੀ ਸਾਰਾ ਪਲਾਨ ਸੀਵਰੇਜ਼ ਬੋਰਡ ਵੱਲੋਂ ਤਿਆਰ ਕੀਤਾ ਗਿਆ ਸੀ ਅਤੇ ਉਹਨਾਂ ਵੱਲੋਂ ਹੀ ਐਗਜ਼ੀਕਿਊਟ ਕੀਤਾ ਜਾ ਰਿਹਾ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ।

ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਤਕਰੀਬਨ 15 ਦਿਨ ਪਹਿਲਾਂ ਭਾਸਕਰ ਅਖਬਾਰ ਵਿੱਚ ਖਬਰ ਛਪੀ ਸੀ, ਜਿਸ ਵਿੱਚ ਕਮਿਸ਼ਨਰ ਸਾਹਿਬ ਦਾ ਬਿਆਨ ਸੀ ਕਿ ਸ਼ਹਿਰ ਦੀਆਂ ਤਕਰੀਬਨ 80% ਰੋਡ ਜਾਲੀਆਂ ਸਾਫ ਕਰ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਸ਼ਹਿਰ ਵਿਚ ਕਿਸੇ ਥਾਈਂ ਰੋਡ ਜਾਲੀਆਂ ਸਾਫ ਨਹੀਂ ਹੋਈਆਂ।

ਕਮਿਸ਼ਨਰ ਸਾਹਿਬ ਨੇ ਹਾਊਸ ਨੂੰ ਜਾਣੂ ਕਰਵਾਇਆ ਕਿ ਇੱਕ ਹਫਤਾ ਪਹਿਲਾਂ ਹੀ ਨਿਗਮ ਵਿਖੇ ਚਿੱਠੀ ਪ੍ਰਾਪਤ ਹੋਈ ਹੈ, ਜਿਸ ਅਨੁਸਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੇ ਰੋਡ ਜਾਲੀਆਂ ਸਾਫ ਕਰਨ ਤੋਂ ਆਪਣੇ ਹੱਥ ਖੜ੍ਹੇ ਕਰ ਦਿੱਤੇ ਹਨ।

ਸ੍ਰ: ਸੁਖਦੇਵ ਸਿੰਘ ਬਰਾੜ, ਕੌਂਸਲਰ ਨੇ ਕਿਹਾ ਕਿ ਭਾਰਤ ਨਗਰ, ਪਟੇਲ ਨਗਰ ਪਾਸ ਗਰੀਨ ਬੈਲਟ ਵਿੱਚ ਕਿਸੇ ਵੱਲੋਂ ਕੂੜ੍ਹਾ ਸੁੱਟ ਕੇ ਗਰੀਨ ਬੈਲਟ ਬੰਦ ਕਰ ਦਿੱਤੀ ਗਈ ਹੈ। ਉਹਨਾਂ ਪੁੱਛਿਆ ਕਿ ਅਜਿਹਾ ਕਿਉਂ ਅਤੇ ਕਿਸ ਵੱਲੋਂ ਕੀਤਾ ਗਿਆ? ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਸਬੰਧੀ ਜਾਂਚ ਕਰਵਾਈ ਜਾਵੇ ਅਤੇ ਕੂੜ੍ਹਾ ਚੁੱਕਣ ਦਾ ਪ੍ਰਬੰਧ ਕੀਤਾ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਪੁੱਛਿਆ ਕਿ ਸ਼ਹਿਰ ਵਿੱਚ ਕਿੰਨੀਆਂ ਰੋਡ ਜਾਲੀਆਂ ਹਨ ਅਤੇ ਇਹ ਰੋਡ ਜਾਲੀਆਂ ਕਿਸ-ਕਿਸ ਵੱਲੋਂ ਸਾਫ ਕੀਤੀਆਂ ਜਾਣੀਆਂ ਹਨ। ਇਸਤੇ ਨਿਗਰਾਨ ਇੰਜੀਨੀਅਰ ਨੇ ਦਸਿਆ ਕਿ As a whole ਸਾਰੀਆਂ ਰੋਡ ਜਾਲੀਆਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਸਾਫ ਕਰਵਾਈਆਂ ਜਾਣੀਆਂ ਹਨ ਅਤੇ ਇਹ ਕੰਮ ਸੀਵਰੇਜ਼ ਬੋਰਡ ਵੱਲੋਂ ਹੀ ਕੀਤਾ ਜਾ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਸਮੇਂ ਤੋਂ 50.00 ਲੱਖ ਰੁਪਏ ਦੀ ਬਜਾਏ ਹੁਣ 40.00 ਲੱਖ ਰੁਪਏ ਸੀਵਰੇਜ਼ ਦੀ ਮੈਨਟੀਨੈਂਸ ਲਈ ਦਿੱਤੇ ਜਾ ਰਹੇ ਹਨ। ਇਸਤੇ ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਜੇਕਰ 40.00 ਲੱਖ ਰੁਪਏ ਹਰ ਮਾਹ ਦਿੱਤੇ ਜਾਂਦੇ ਹਨ, ਤਾਂ ਰੋਡ

ਜਾਲੀਆਂ ਸਾਫ ਕਿਉਂ ਨਹੀਂ ਕੀਤੀਆਂ ਗਈਆਂ। ਉਹਨਾਂ ਇਸ ਸਬੰਧੀ ਵਿਜ਼ੀਲੈਂਸ ਇਨਕੁਆਰੀ ਕਰਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ 20-20 ਹਜ਼ਾਰ ਹਰ ਮੈਂਬਰ ਸਾਹਿਬ ਨੂੰ ਦਿੱਤੇ ਜਾਣ ਤਾਂ ਜੋ ਉਹਨਾਂ ਵੱਲੋਂ ਆਪਣੇ ਪੱਧਰ ਤੇ ਹੀ ਰੋਡ ਜਾਲੀਆਂ ਸਾਫ ਕਰਵਾ ਦਿੱਤੀਆਂ ਜਾਣ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜਲਦ ਹੀ ਇਨਕੁਆਰੀ ਕਰਵਾਈ ਜਾਵੇਗੀ।

ਸ੍ਰ: ਹਰਜਿੰਦਰ ਸਿੰਘ ਸ਼ਿੰਦਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਇੱਕ ਛੋਟੀ ਜਿਹੀ ਪਾਈਪ ਨਾ ਪਾਉਣ ਕਰਕੇ ਪਾਣੀ ਦੇ ਖੜ੍ਹੇ ਹੋਣ ਨਾਲ ਹਰਿਆਲੀ ਜੰਮ ਚੁੱਕੀ ਹੈ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ।

ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਸਾਰੇ ਸ਼ਹਿਰ ਦੀਆਂ ਰੋਡ ਜਾਲੀਆਂ ਸਾਫ ਕਰਨ ਦਾ ਤਖਮੀਨਾ ਬਣਾਇਆ ਜਾਵੇ। ਇਸਤੇ ਸ੍ਰ: ਹਰਪਾਲ ਸਿੰਘ ਢਿੱਲੋਂ, ਕੌਸਲਰ ਨੇ ਕਿਹਾ ਕਿ ਇਕ ਪਾਸੇ ਤਾਂ ਨਿਗਰਾਨ ਇੰਜੀਨੀਅਰ ਨਗਰ ਨਿਗਮ ਦੇ ਫੰਡਜ਼ ਮੁਬਲਿਗ 40.00 ਲੱਖ ਰੁਪਏ ਪ੍ਰਤੀ ਮਾਹ ਦੇ ਹਿਸਾਬ ਨਾਲ ਖਰਚ ਕਰਕੇ 80% ਰੋਡ ਜਾਲੀਆਂ ਸਾਫ ਹੋਣ ਦਾ ਦਾਅਵਾ ਕਰ ਰਹੇ ਹਨ, ਜਦਕਿ ਦੂਸਰੇ ਪਾਸੇ ਨਵੇਂ ਤਖਮੀਨੇ ਬਣਾਏ ਜਾ ਰਹੇ ਹਨ। ਉਹਨਾਂ ਪੁੱਛਿਆ ਕਿ ਫੰਡਜ਼ ਖਰਚੇ ਜਾ ਰਹੇ ਹਨ ਤਾਂ ਕਿੰਨਾਂ ਕੰਮਾਂ ਖਾਤਰ। ਇਸ ਸਬੰਧੀ ਉਹਨਾਂ ਵਿਜ਼ੀਲੈਂਸ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਜਾਣੂ ਕਰਵਾਇਆ ਕਿ ਹਰ ਸਾਲ ਦੀ ਤਰ੍ਹਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਤਖਮੀਨੇ ਦੇ ਵਿਰੁੱਧ ਮੈਨਟੀਨੈਂਸ ਲਈ ਫੰਡਜ਼ ਦਿੱਤੇ ਜਾਂਦੇ ਹਨ, ਇਹ ਉਹ ਫੰਡਜ਼ ਹਨ। ਇਸਤੋਂ ਇਲਾਵਾ ਜੇਕਰ ਸ਼ਹਿਰ ਦੀਆਂ 80% ਰੋਡ ਜਾਲੀਆਂ ਸਾਫ ਕਰਨ ਸਬੰਧੀ ਕਿਸੇ ਅਧਿਕਾਰੀ ਵੱਲੋਂ ਕੋਈ ਗਲਤ ਬਿਆਨ ਦਿੱਤੇ ਗਏ ਹਨ ਤਾਂ ਇਸ ਸਬੰਧੀ ਮੈਂਬਰ ਸਾਹਿਬਾਨ ਦੀ ਤਸੱਲੀ ਕਰਵਾਈ ਜਾਵੇ ਤਾਂ ਜੋ ਨਿਗਮ ਦਾ ਅਕਸ ਖਰਾਬ ਨਾ ਹੋਵੇ, ਅਤੇ ਜੇਕਰ ਫੰਡਾਂ ਦੀ ਦੁਰਵਰਤੋਂ ਕੀਤੀ ਗਈ ਹੈ ਤਾਂ ਵਿਜ਼ੀਲੈਂਸ ਇਨਕੁਆਰੀ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇ।

ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਦਸਿਆ ਕਿ ਅਰਜੁਨ ਨਗਰ ਵਿੱਚ ਪਿਛਲੇ 15 ਦਿਨਾਂ ਤੋਂ ਸੀਵਰ ਬੰਦ ਪਏ ਹਨ। ਉਹਨਾਂ ਦਸਿਆ ਕਿ ਪਿਛਲੇ ਦਿਨੀ ਪਾਣੀ ਦੀ ਨਿਕਾਸੀ ਲਈ ਲਗਾਏ ਇੰਜਣ ਨੂੰ ਚਲਾਉਣ ਖਾਤਰ ਇਕ ਕਰਮਚਾਰੀ ਆਇਆ, ਪਰ ਉਸ ਪਾਸ ਜੈਨਰੇਟਰ ਦਾ ਹੈਂਡਲ ਹੀ ਨਹੀਂ ਸੀ। ਉਹਨਾਂ ਕਿਹਾ ਕਿ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਸ੍ਰ: ਗੁਰਸੇਵਕ ਸਿੰਘ ਮਾਨ ਵੱਲੋਂ ਜੋ ਸੀਵਰ ਬੰਦ ਹੋਣ ਸਬੰਧੀ ਗੱਲ ਕਹੀ ਗਈ ਹੈ, ਉਹ ਬਿਲਕੁਲ ਠੀਕ ਹੈ। ਉਹਨਾਂ ਮਾਨਯੋਗ ਮੇਅਰ ਸਾਹਿਬ ਨੂੰ ਕਿਹਾ ਕਿ ਜੇਕਰ ਕਿਸੇ ਅਧਿਕਾਰੀ ਵੱਲੋਂ ਸ਼ਹਿਰ ਦੀਆਂ 80% ਰੋਡ ਜਾਲੀਆਂ ਸਾਫ ਕਰਵਾਉਣ ਸਬੰਧੀ ਗਲਤ ਬਿਆਨੀ ਕੀਤੀ ਗਈ ਹੈ ਤਾਂ ਇਸ ਸਬੰਧੀ ਪੱਤਰ ਲਿਖਿਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਜੇਕਰ ਅੱਜ ਬਰਸਾਤ ਆ ਜਾਂਦੀ ਹੈ ਤਾਂ ਸ਼ਹਿਰ ਦਾ ਕੋਈ ਵਾਰਸ ਨਹੀਂ। ਉਹਨਾਂ ਤ੍ਰਿਵੇਣੀ ਕੰਪਨੀ ਦੇ ਖਿਲਾਫ ਬਣਦੀ ਕਾਰਵਾਈ ਕਰਨ ਅਤੇ ਟੈਕਨੀਕਲ ਅਧਿਕਾਰੀਆਂ ਦੀ ਜਵਾਬ ਤਲਬੀ ਕਰਨ ਦੀ ਮੰਗ ਕੀਤੀ।

ਕਮਿਸ਼ਨਰ ਸਾਹਿਬ ਨੇ ਹਾਊਸ ਨੂੰ ਜਾਣੂ ਕਰਵਾਇਆ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਉਹਨਾਂ ਵੱਲੋਂ ਕੰਮ ਕਰਨ ਤੋਂ ਆਪਣੇ ਹੱਥ ਖੜ੍ਹੇ ਕਰ ਦਿੱਤੇ ਹਨ। ਉਹਨਾਂ ਦਸਿਆ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸ ਸਿਰਫ ਦੋ ਹੀ ਕਾਰਜਕਾਰੀ ਇੰਜੀਨੀਅਰ ਹਨ। ਇਸ ਕਾਰਨ ਵੀ ਸਮੱਸਿਆ ਬਣੀ ਹੋਈ ਹੈ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਸਾਨੂੰ ਅਜਿਹੇ ਮੌਕੇ ਇੱਕਠੇ ਹੋ ਕੇ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ। ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਮਾਨਯੋਗ ਬੀਬਾ ਹਰਸਿਮਰਤ ਕੋਰ ਬਾਦਲ ਜੀ ਪਾਸੋਂ ਪ੍ਰਾਪਤ ਹੋਈ ਗਰਾਂਟ ਨਾਲ ਬਜ਼ੁੱਰਗਾਂ, ਔਰਤਾਂ ਅਤੇ ਪਾਰਕਾਂ ਲਈ ਬੈਂਚ ਬਣਵਾਏ ਗਏ ਸਨ। ਪਰੰਤੂ ਉਹਨਾਂ ਨੂੰ ਸਿਰਫ 2 ਹੀ ਬੈਂਚ ਮਿਲੇ ਹਨ। ਉਹਨਾਂ ਇਹ ਵੀ ਦਸਿਆ ਕਿ ਇੰਨ੍ਹਾਂ ਬਣਾਏ ਗਏ ਬੈਂਚਾਂ ਦੀ ਕਵਾਲਟੀ ਬਹੁਤ ਹੀ ਮਾੜੀ ਹੈ। ਇੰਨ੍ਹਾਂ ਨੂੰ ਬਨਾਉਣ ਲਈ ਘਟੀਆ ਮਟੀਰਿਅਲ ਦੀ ਵਰਤੋਂ ਕੀਤੀ ਗਈ ਹੈ। ਇਸ ਗੱਲ ਦੀ ਤਾਇਦ ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਵੀ ਕੀਤੀ। ਉਹਨਾਂ ਇਸ ਸਬੰਧੀ ਇਨਕੁਆਰੀ ਕਰਵਾਉਣ ਦੀ ਮੰਗ ਕੀਤੀ। ਸ੍ਰ: ਨਿਰਮਲ ਸਿੰਘ ਸੰਧੂ, ਕੌਂਸਲਰ ਵੱਲੋਂ ਬੈਂਚਾ ਦੀ ਡਿਟੇਲ ਮੰਗਣ ਤੇ ਕਿਹਾ ਡਿਟੇਲ ਮੁੱਹਈਆ ਕਰਵਾ ਦਿੱਤੀ ਜਾਵੇਗੀ। ਸ੍ਰ: ਮਲਕੀਤ ਸਿੰਘ, ਕੌਂਸਲਰ ਨੇ ਵੀ ਬੈਂਚ ਨਾ ਮਿਲਣ ਬਾਰੇ ਕਿਹਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੈਂਚਾਂ ਦੀ ਕਵਾਲਟੀ ਅਤੇ ਗਿਣਤੀ ਚੈਕ ਕਰਵਾਈ ਜਾਵੇ। ਜੇਕਰ ਇਸ ਵਿੱਚ ਕੋਈ ਕਮੀ ਪਾਈ ਜਾਂਦੀ ਹੈ ਤਾਂ ਤੁਰੰਤ ਕਰੀਮਿਨਲ ਪਰਚਾ ਦਰਜ਼ ਕਰਵਾਇਆ ਜਾਵੇ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਦੇ ਗਰੀਬ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਅਤੇ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੈ। ਉਹਨਾਂ ਦਸਿਆ ਕਿ ਉਹਨਾਂ ਦੇ ਏਰੀਏ ਵਿੱਚ ਸੀਵਰੇਜ਼ ਦੇ 4-5 ਢੱਕਣ ਅਤੇ ਗਲੀਆਂ ਦੇ ਦੋ ਬੋਰਡ ਲੱਗਣ ਵਾਲੇ ਹਨ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਖਾਤਰ ਜਲਦ ਤੋਂ ਜਲਦ ਨਿਗਮ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇ।

ਸ੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਦਸਿਆ ਕਿ ਲਾਲ ਸਿੰਘ ਬਸਤੀ ਦੀ ਗਲੀ ਨੰਬਰ 24 ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਸੀਵਰ ਬੰਦ ਪਿਆ ਹੈ। ਉਹਨਾਂ ਇਸ ਸਬੰਧੀ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਅਤੇ ਮਾਨਯੋਗ ਵਿਤ ਮੰਤਰੀ ਸ੍ਰ: ਮਨਪ੍ਰੀਤ ਸਿੰਘ ਬਾਦਲ ਜੀ ਨੂੰ ਵੀ ਮੌਕਾ ਦਿਖਾਇਆ ਸੀ। ਪਰੰਤੂ ਅਜੇ ਤੱਕ ਸਮੱਸਿਆ ਦਾ

ਹੱਲ ਨਹੀਂ ਕੀਤਾ ਗਿਆ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ੍ਰ: ਹਰਪਾਲ ਸਿੰਘ ਢਿੱਲੋਂ ਕੌਂਸਲਰ ਨੇ ਕਿਹਾ ਕਿ 100 ਫੁੱਟ ਸੜ੍ਹਕ ਤੇ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ।ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ੍ਰ: ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਮਾਨਸਾ ਰੋਡ ਤੇ ਬਣੇ ਅੰਡਰਬਰਿਜ ਵਿੱਚ ਬਰਸਾਤਾਂ ਦੋਰਾਨ ਪਾਣੀ ਭਰ ਜਾਣ ਕਾਰਨ ਹਰ ਵੇਲੇ ਜਾਨ ਅਤੇ ਮਾਲ ਦਾ ਖਤਰਾ ਬਣਿਆ ਰਹਿੰਦਾ ਹੈ। ਉਹਨਾਂ ਪੁੱਛਿਆ ਕਿ ਨਿਗਮ ਵੱਲੋਂ ਇਸ ਸਬੰਧੀ ਪੁਖਤਾ ਇੰਤਜ਼ਾਮ ਕਰ ਲਏ ਗਏ ਹਨ ਜਾਂ ਨਹੀਂ? ਇਸਤੇ ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਇਹ NH ਹੈ ਅਤੇ ਅਜੇ ਤੱਕ ਇਸ ਅੰਡਰਬਰਿਜ ਨੂੰ ਨਿਗਮ ਨੂੰ ਹੈਂਡ ਓਵਰ ਨਹੀਂ ਕੀਤਾ ਗਿਆ।

ਸ੍ਰ: ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਨੂੰ ਨਗਰ ਨਿਗਮ ਪਾਸੋਂ ਨਕਸ਼ਾ ਪਾਸ ਕਰਵਾਉਣ ਲਈ ਬਹੁਤ ਹੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਇਸ ਦੀ ਤਾਇਦ ਸ੍ਰ: ਹਰਜਿੰਦਰ ਸਿੰਘ ਟੋਨੀ, ਕੌਂਸਲਰ ਨੇ ਵੀ ਕੀਤੀ। ਸ਼੍ਰ: ਜਸਵੀਰ ਸਿੰਘ ਜੱਸਾ ਨੇ ਦਸਿਆ ਕਿ ਇਸ ਸਬੰਧੀ ਉਹਨਾਂ ਵੱਲੋਂ ਸ਼੍ਰੀਮਤੀ ਅਨੂ ਬਾਲਾ ਨੂੰ ਕਿਹਾ ਗਿਆ ਸੀ। ਪਰੰਤੂ ਇਸ ਉਪਰੰਤ ਇਸ ਅਧਿਕਾਰੀ ਵੱਲੋਂ ਫੋਨ ਹੀ ਨਹੀਂ ਚੁੱਕਿਆ ਗਿਆ। ਉਹਨਾਂ ਇਹ ਦਸਿਆ ਕਿ ਇਸ ਅਧਿਕਾਰੀ ਵੱਲੋਂ ਉਹਨਾਂ ਦੀ ਗੱਲ ਨਹੀਂ ਸੁਣੀ ਗਈ। ਬਾਅਦ ਵਿੱਚ ਸ਼੍ਰੀ ਕੁਲਵੰਤ ਸਿੰਘ ਹੈਡ ਡਰਾਫਟਸ ਮੈਨ ਨੂੰ ਮਿਲੇ। ਪਰੰਤੂ ਉਹਨਾਂ ਵੱਲੋਂ ਕੋਈ ਜਿਆਦਾ ਗੋਰ ਨਹੀਂ ਕੀਤਾ ਗਿਆ। ਉਹਨਾਂ ਪੁੱਛਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਨਗਰ ਨਿਗਮ ਪਾਸੋਂ ਨਕਸ਼ਾ ਪਾਸ ਕਰਵਾਉਣ ਵਿੱਚ ਦਿੱਕਤ ਆਉਂਦੀ ਹੈ, ਤਾਂ ਕਿ ਕਿਸ ਅਧਿਕਾਰੀ ਨੂੰ ਮਿਲਿਆ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਦਫਤਰ ਦੇ ਏ.ਟੀ.ਪੀ. ਨੂੰ ਸਮੱਸਿਆ ਬਾਰੇ ਜਾਣੂ ਕਰਵਾਇਆ ਜਾਵੇ। ਸ੍ਰ: ਹਰਮਿੰਦਰ ਸਿੰਘ ਕੌਂਸਲਰ ਨੇ ਕਿਹਾ ਕਿ ਕਿਸੇ ਅਧਿਕਾਰੀ ਦਾ ਕਿਸੇ ਚੁੱਣੇ ਹੋਏ ਨੁਮਾਇੰਦੇ ਦੀ ਗੱਲ ਨਾ ਸੁਣਨਾ ਮਾੜੀ ਗੱਲ ਹੈ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਇਸ ਸਬੰਧੀ ਸਬੰਧਤ ਅਧਿਕਾਰੀ ਨੂੰ ਸ਼ੋ-ਕਾਜ਼ ਨੋਟਿਸ ਜਾਰੀ ਕੀਤਾ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਕਿਸੇ ਚੁਣੇ ਹੋਏ ਨੁਮਾਇੰਦੇ ਨੂੰ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੂੰ ਮਿਲ ਲਿਆ ਜਾਵੇ।

ਸ੍ਰ: ਹਰਪਾਲ ਸਿੰਘ ਢਿੱਲੋਂ, ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਸ੍ਰ: ਹਰਜਿੰਦਰ ਸਿੰਘ ਟੋਨੀ, ਕੌਂਸਲਰ ਸਾਹਿਬਾਨ ਨੇ AMRUT ਸਕੀਮ ਅਧੀਨ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀਆਂ ਪੁਰਾਣੀਆਂ ਪਾਈਪਾਂ ਦੀ ਥਾਂ ਤੇ ਨਵੀਆਂ ਪਾਈਪਾਂ ਪਾਉਣ ਲਈ ਮੰਗ ਪੱਤਰ ਦਿੱਤਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੇ ਤਕਰੀਬਨ 350 ਕਿਲੋਮੀਟਰ ਦੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪੁਰਾਣੀਆਂ ਹੋਣ ਕਾਰਨ ਸੀਵਰੇਜ਼ ਦੇ ਪਾਣੀ ਦੇ ਪੀਣ ਵਾਲੇ ਪਾਣੀ ਨਾਲ ਮਿਕਸ ਹੋਣ ਸਬੰਧੀ ਸ਼ਿਕਾਇਤਾਂ ਮਿਲਦੀਆਂ ਹਨ। ਇੰਨ੍ਹਾਂ ਪਾਈਪਾਂ ਨਾਲ ਕੈਂਸਰ ਹੋਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਇੰਨ੍ਹਾਂ ਨੂੰ ਬਦਲਿਆ ਜਾਣਾ ਅਤਿ ਜਰੂਰੀ ਹੈ। ਇਸਤੋਂ ਇਲਾਵਾ ਸ਼ਹਿਰ ਵਿੱਚ ਤਕਰੀਬਨ 40-50 ਕਿਲੋਮੀਟਰ ਦੇ ਏਰੀਏ ਵਿੱਚ ਨਵੀਂ ਪਾਈਪ ਪੈਣ ਵਾਲੀ ਹੈ, ਉਹ ਵੀ ਪਾਈ ਜਾਵੇ। ਇਸ ਲਈ ਦਿੱਤੇ ਗਏ ਮੰਗ ਪੱਤਰ ਦੇ ਮੱਦੇ ਨਜ਼ਰ ਤੁਰੰਤ ਪ੍ਰੋਜੈਕਟ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਹਿੱਤ ਭੇਜਿਆ ਜਾਵੇ।

ਸ੍ਰ: ਨਿਰਮਲ ਸਿੰਘ ਸੰਧੂ ਨੇ ਮੰਗ ਕੀਤੀ ਕਿ ਆਉਣ ਵਾਲੀਆਂ ਬਰਸਾਤਾਂ ਨੂੰ ਦੇਖਦੇ ਹੋਏ ਅੱਜ ਹੀ ਯਕੀਨੀ ਬਣਾ ਲਿਆ ਜਾਵੇ ਕਿ ਆਲਮ ਬਸਤੀ ਦੀਆਂ ਮੋਟਰਾਂ ਚਲਦੀਆਂ ਹਨ ਜਾਂ ਨਹੀਂ। ਇਸਤੇ ਕਮਿਸ਼ਨਰ ਸਾਹਿਬ ਨੇ ਨਿਗਰਾਨ ਇੰਜੀਨੀਅਰ ਦੀ ਡਿਊਟੀ ਲਗਾਈ ਗਈ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਮਾਨਯੋਗ ਮੇਅਰ ਸਾਹਿਬ ਵੱਲੋਂ ਮੀਟਿੰਗ ਦੇ ਸ਼ੁਰੂ ਵਿੱਚ ਦਸਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਹਿਰ ਦੇ ਵਿਕਾਸ ਲਈ 175.00 ਕਰੋੜ੍ਹ ਰੁਪਏ ਦੇ ਫੰਡਜ਼ ਮੁਹਈਆ ਕਰਵਾਏ। ਉਹਨਾਂ ਕਿਹਾ ਕਿ ਮੈਂ ਮੇਅਰ ਸਾਹਿਬ ਦਾ ਪੁਰਾਣਾ ਸਾਥੀ ਹਾਂ ਅਤੇ ਜਾਣਦੀ ਹਾਂ ਕਿ ਸ਼ਹਿਰ ਦੇ ਵਿਕਾਸ ਤੇ ਕਿੰਨੇ ਪੈਸੇ ਲੱਗੇ ਹਨ। ਉਹਨਾਂ ਕਿਹਾ ਕਿ ਲਾਲ ਸਿੰਘ ਬਸਤੀ, ਬੀਰਬਲ ਬਸਤੀ, ਸ਼ਹੀਦ ਭਗਤ ਸਿੰਘ ਨਗਰ ਵਿਖੇ ਪੀਣ ਵਾਲਾ ਪਾਣੀ ਨਹੀਂ ਜਾਂਦਾ। ਲੋਕਾਂ ਦੇ ਘਰਾਂ ਵਿੱਚ ਸੀਵਰ ਦਾ ਪਾਣੀ ਵੜ੍ਹ ਜਾਂਦਾ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਪਾਈ ਗਈ 24 ਇੰਚੀ ਲਾਈਨ ਚਲਦੀ ਹੈ, ਜਾਂ ਨਹੀਂ ਇਸ ਬਾਰੇ ਕੁੱਝ ਪਤਾ ਨਹੀਂ। ਉਹਨਾਂ ਇਹ ਵੀ ਦਸਿਆ ਕਿ ਸੰਗੂਆਣਾ ਬਸਤੀ ਟੋਭੇ ਵਿੱਚ ਨਜਾਇਜ ਕਬਜੇ ਕਰਵਾ ਕੇ ਝੁੱਗੀਆਂ ਦੀ ਥਾਂ ਸ਼ੋ-ਰੂਮ ਬਣਾਏ ਜਾ ਰਹੇ ਹਨ। ਉਹਨਾਂ ਦਸਿਆ ਕਿ ਸੁਭਾਸ਼ ਬਸਤੀ ਦੀਆਂ ਸੜ੍ਹਕਾਂ ਪੁੱਟੀਆਂ ਪਈਆਂ ਹਨ। ਪੀਣ ਵਾਲੇ ਪਾਣੀ ਅਤੇ ਲੰਘਣ ਲਈ ਰਾਹ ਨਾ ਹੋਣ ਕਾਰਨ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਹਨਾਂ ਕਿਹਾ ਕਿ ਮੇਅਰ ਸਾਹਿਬ ਨੇ ਦਸਿਆ ਕਿ ਇੰਨੇ ਪੈਸੇ ਲਗਾਏ ਹਨ, ਪਰ ਪੈਸੇ ਗਏ ਕਿੱਥੇ। ਉਹਨਾਂ ਕਿਹਾ ਕਿ ਜੇਕਰ ਉਹਨਾਂ ਦੇ ਏਰੀਏ ਵਿੱਚ ਕੋਈ ਥੋੜਾ ਬਹੁਤ ਕੰਮ ਸ਼ੁਰੂ ਹੋਇਆ ਹੈ ਤਾਂ ਉਹ ਮਾਨਯੋਗ ਵਿੱਤ ਮੰਤਰੀ ਪੰਜਾਬ, ਸ੍ਰ: ਮਨਪ੍ਰੀਤ ਸਿੰਘ ਬਾਦਲ ਜੀ ਕਾਰਨ ਹੋਇਆ ਹੈ। ਉਹਨਾਂ ਇਹ ਵੀ ਦਸਿਆ ਕਿ ਤ੍ਰਿਵੇਣੀ ਕੰਪਨੀ ਨੂੰ ਲਿਆਉਣ ਸਮੇਂ ਮੀਟਿੰਗ ਵਿੱਚ ਬੁਲਾ ਕੇ ਕਿਹਾ ਗਿਆ ਸੀ ਕਿ ਅਸੀ ਤ੍ਰਿਵੇਣੀ ਕੰਪਨੀ ਨੂੰ ਲੈ ਕੇ ਹੀ ਆਉਣਾ ਹੈ। ਪਰ ਕੰਪਨੀ ਦੇ ਆਉਣ ਉਪਰੰਤ ਹੁਣ ਅਸੀ ਰੋ ਰਹੇ ਹਾਂ। ਉਹਨਾਂ ਦਸਿਆ ਕਿ ਪਿਛਲੇ 18 ਤਾਰੀਖ ਤੋਂ ਸੰਗੂਆਣਾ ਬਸਤੀ ਦਾ ਸੀਵਰ ਬੰਦ ਪਿਆ ਹੈ। ਪੀਣ ਵਾਲਾ ਪਾਣੀ ਸੀਵਰੇਜ਼ ਦੇ ਪਾਣੀ ਨਾਲ ਮਿਕਸ ਹੋ ਕੇ ਆ ਰਿਹਾ ਹੈ। ਉਹਨਾਂ ਦਸਿਆ ਕਿ ਪਹਿਲਾਂ ਇਸ ਏਰੀਏ ਵਿੱਚ ਮਸ਼ੀਨ ਲਗਾਈ ਗਈ ਸੀ, ਪਰ ਹੁਣ ਹਟਾ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਚਾਹੇ ਕੰਮ ਕਿਸੇ ਵੱਲੋਂ ਹੀ ਕਰਨਾ ਹੋਵੇ, ਜਿੰਮੇਵਾਰੀ ਮੇਅਰ ਸਾਹਿਬ ਦੀ ਬਣਦੀ ਹੈ। ਉਹਨਾਂ ਦਸਿਆ ਕਿ ਬੀਰਬਲ ਬਸਤੀ ਦਾ ਸੀਵਰ ਬਲਾਕ ਪਿਆ ਹੈ। ਇਸ ਥਾਂ ਪਾਈਪ ਦੇ ਟੁੱਟਣ ਕਾਰਨ ਅਜਿਹਾ ਹੋਇਆ। ਪਿਛਲੇ 2-3 ਸਾਲਾਂ ਤੋਂ ਪਾਈਪ ਹੀ ਨਹੀਂ ਜੋੜੀ ਜਾ ਰਹੀ। ਉਹਨਾਂ ਇਹ ਵੀ ਦਸਿਆ ਕਿ ਰੋਜ਼ ਗਾਰਡਨ ਏਰੀਏ, ਗਰੀਨ ਐਵਨਿਊ ਏਰੀਆ ਵਿੱਚ ਵੀ ਸੀਵਰ ਬੰਦ ਪਏ ਹਨ। ਉਹਨਾਂ ਸਫਾਈ ਦੇ ਮੰਦਾ ਹਾਲ ਹੋਣ ਬਾਰੇ ਦਸਿਆ। ਸਫਾਈ ਸੇਵਕਾਂ ਵੱਲੋਂ ਕਿਸੇ ਵੀ ਘਰ ਦਾ ਕੂੜ੍ਹਾ ਨਹੀਂ ਚੁਕਿਆ ਜਾ ਰਿਹਾ। ਆਨਲਾਈਨ ਸ਼ਿਕਾਇਤਾਂ ਅਤੇ ਨਿੱਜੀ ਤੋਰ ਤੇ ਸ਼ਿਕਾਇਤਾਂ ਕਰਨ ਦੇ ਬਾਵਜੂਦ ਵੀ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਰਿਹਾ। ਇਸਤੇ

ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਸਮੱਸਿਆਵਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 08.02.2019 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 1:** ਮੀਟਿੰਗ ਮਿਤੀ 08.02.2019 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।

**ਏਜੰਡਾ ਨੰਬਰ 2:**

ਬਜਟ ਮੀਟਿੰਗ ਮਿਤੀ 27.02.2019 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 2:** ਬਜਟ ਮੀਟਿੰਗ ਮਿਤੀ 27.02.2019 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।

**ਏਜੰਡਾ ਨੰਬਰ 3 :**

ਰਿਪੋਰਟ ਸਵੱਛ ਭਾਰਤ ਮਿਸ਼ਨ ਸ਼ਾਖਾ ਕਿ As the Concessionaire (M/s JITF Urban Waste Management (Bathinda) Limited has invoked the Arbitration process by letter dated 20/3/2019 referring the disputes resolution process as per the concession Agreement Chapter 11 of Disputes.

This is stated that for the start of Arbitration as per Concession agreement Article 11, Cl.11.2, the due process is completed and we have got the final orders of Second Level of Appellate Authority i.e. Principal Secretary(PSLG), Local Government and of DoLG (First Appellate) meetings (as per 11.1.b. Amicable Resolution), which were the prerequisite for appointment of arbitrators and to start the Arbitration proceedings as per the Concession Agreement signed on 23-11- 2011.

Hence, we requested the CEO cum Secretary local government PMIDC to appoint a suitable Arbitrator from our side to start the process of Arbitration for Bathinda Cluster in accordance to the Concession Agreement Article 11 of Disputes Cl. No. 11.2 as this process of Appointment of arbitrator from our side must have to be completed in 30 days from 20/3/2019 the date of notice invoking the Arbitration process by the Concessionaire. In the process, then we received Memo no. PMIDC 2019 3715 dated April1st, 2019 instructing and guiding MC Bathinda to approach Punjab Infrastructure Regulatory Authority (PIRA) for appointment of arbitrator on our behalf. So, following the instructions from state we requested the Chairman, PIRA to appoint a arbitrator by our letter no. 1095 dated 2/4/2019.

Now, responding to our request PIRA has sent their consent to act as Arbitrator on our behalf sending Memo. No. PI RA/2019/46, dated S.A.S.Nagar / 5-4-2019 through email dated 5-4-2019, as per the provisions of the Punjab Infrastructure (Development & Regulation) Act, 2002. Further both appointed arbitrator has finalized justice AK Sikri as the third presiding arbitrator. First hearing of the case was fixed on 22 May 2019 by the presiding arbitrator at New Delhi. This hearing was attended by the representatives of both the Concessioner M/s JITF Urban Waste Management (Bathinda) Ltd and Concessioning Authority MC Bathinda. The orders issued of 1st hearing of Tribunal Dated: 22-05-19 are mainly about the schedule /dates of submissions of claims/reply/counter claims etc related guidelines and the fee related instructions.

In accordance to subject cited orders of Arbitral Tribunal constituted in first hearing held in New Delhi on 22/5/2019 attended by M/s JITF and MC Bathinda representatives, a total amount of 5 Lac to each of three arbitrators with the administrative/secretarial/incidental expenses of 1.00 Lac to each adding Rs. 10,000/- for the travelling announce of Mr. Jatinderbir Singh (PIRA Chairman), hence totaling 18.10 Lac for the tribunal members by 30$^{th}$ June, 2019. This amount will be shared by both parties i.e. Concessionaire & Concessioning Authority equally. Hence on behalf of the Concessioning Authority of Bathinda Cluster, MC Bathinda has to pay 3 Lac each to Justice A.K.Sikri, Justice Badar Durrez Ahmed and 3.05 Lac to Mr. Jatinderbir Singh IAS (retd.) as per tribunal instructions issued in accordance to the provisions of 4th schedule of the Arbitration & Conciliation Act, 1996. This is very important matter which may involve huge financial implications for MC Bathinda and there is no possibility of Meeting

of general house in near future. Hence, this may be approved in anticipation this time. This is hereby reported for the necessary approval please.

ਉਕਤ ਅਨੁਸਾਰ ਅਦਾਇਗੀ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਕਮਿਸ਼ਨਰ ਸਾਹਿਬ ਨੇ ਜਾਣੂ ਕਰਵਾਇਆ ਕਿ ਜੇ.ਆਈ.ਟੀ.ਐਫ. ਕੰਪਨੀ ਵੱਲੋਂ ਨਗਰ ਨਿਗਮ ਦੇ ਖਿਲਾਫ 753.00 ਕਰੋੜ ਰੁਪਏ ਦਾ ਕੇਸ ਦਾਇਰ ਕੀਤਾ ਗਿਆ ਹੈ। ਇਸ ਕੇਸ ਦੀ ਤਾਰੀਖ ਪੇਸ਼ੀ ਮਿਤੀ 31.07.2019 ਹੈ।

ਇਸਤੇ ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਇਹ ਦਸਿਆ ਜਾਵੇ ਕਿ ਨਗਰ ਨਿਗਮ ਵੱਲੋਂ ਵਕੀਲ ਕਰਨ ਖਾਤਰ ਅੱਜ ਤੱਕ ਕਿਹੜਾ ਕੇਸ ਹਾਊਸ ਦੇ ਵਿਚਾਰ ਹਿੱਤ ਲਿਆਂਦਾ ਗਿਆ ਹੈ। ਉਹਨਾਂ ਕਿਹਾ ਕਿ ਇਹ ਲਿਟੀਗੇਸ਼ਨ ਦਾ ਕੇਸ ਹੈ। ਦਫਤਰ ਆਪਣੇ ਪੱਧਰ ਤੇ ਵਕੀਲ ਨਿਯੁਕਤ ਕਰ ਸਕਦਾ ਹੈ। ਉਹਨਾਂ ਕਿਹਾ ਕਿ ਇਸ ਸਬੰਧੀ ਵਧੀਆ ਤੋਂ ਵਧੀਆ ਵਕੀਲ ਨਿਯੁਕਤ ਕੀਤਾ ਜਾਵੇ।

ਸ੍ਰ: ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਕਮਿਸ਼ਨਰ, ਨਗਰ ਨਿਗਮ ਵੱਲੋਂ ਡਾਇਰੈਕਟਰ ਸਾਹਿਬ ਨੂੰ ਵਕੀਲ ਦੀ ਨਿਯੁਕਤੀ ਕਰਨ ਖਾਤਰ ਚਿੱਠੀ ਲਿਖਣੀ ਚਾਹੀਦੀ ਹੈ। ਇਸ ਕੇਸ ਸਬੰਧੀ ਵਧੀਆ ਤੋਂ ਵਧੀਆਂ ਵਕੀਲ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ।ਇਸ ਸਬੰਧੀ ਕੇਸ ਹਾਊਸ ਵਿੱਚ ਲਿਆਉਣ ਦੀ ਕੋਈ ਲੋੜ੍ਹ ਨਹੀਂ ਸੀ। ਉਹਨਾਂ ਦਸਿਆ ਕਿ ਪਿਛਲੇ 10 ਸਾਲਾਂ ਤੋਂ ਅਜਿਹਾ ਕੋਈ ਵੀ ਕੇਸ ਹਾਊਸ ਵਿੱਚ ਨਹੀਂ ਵਿਚਾਰਿਆ ਗਿਆ। ਉਹਨਾਂ ਕਿਹਾ ਕਿ ਇਸ ਸਬੰਧੀ ਕੋਈ ਵੀ ਵਧੀਆ ਵਕੀਲ ਕਰ ਲਿਆ ਜਾਵੇ।

ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਨਿਗਮ ਵੱਲੋਂ ਪਹਿਲਾਂ ਵਕੀਲਾਂ ਦੇ ਪੈਨਲ ਵਿੱਚੋਂ ਵਕੀਲ ਨਿਯੁਕਤ ਕੀਤਾ ਜਾਂਦਾ ਸੀ, ਜਿੰਨ੍ਹਾਂ ਦੀ ਫੀਸ ਸਰਕਾਰ ਵੱਲੋਂ ਪਹਿਲੇ ਤੋਂ ਹੀ ਫਿਕਸ ਕੀਤੀ ਹੋਈ ਹੈ।। ਪਰੰਤੂ ਇਹ ਡਿਫਰੈਂਟ ਤਰ੍ਹਾਂ ਦਾ ਕੇਸ ਹੋਣ ਕਾਰਨ ਫੀਸ ਬਹੁਤ ਜਿਆਦਾ ਦੇਣੀ ਪੈ ਰਹੀ ਹੈ। ਕੇਸ ਦੇ ਡਿਫਰੈਂਟ ਨੇਚਰ ਦੇ ਹੋਣ ਕਾਰਨ ਹਾਊਸ ਵੱਲੋਂ ਮੰਨਜ਼ੂਰੀ ਦੇਣ ਉਪਰੰਤ ਹੀ ਫੀਸ ਦੀ ਅਦਾਇਗੀ ਕੀਤੀ ਜਾ ਸਕਦੀ ਹੈ। ਨਗਰ ਨਿਗਮ ਨੂੰ ਕਿਸੇ ਵੀ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਮਾਨਯੋਗ ਅਦਾਲਤ ਵਿਖੇ ਆਪਣਾ ਪੱਖ ਰੱਖਣ ਖਾਤਰ ਇਹ ਅਦਾਇਗੀਆਂ ਕਰਨੀਆਂ ਅਤਿ ਜਰੂਰੀ ਹਨ। ਇਸ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਰੱਖਿਆ ਗਿਆ ਹੈ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇਕਰ ਦਫਤਰ ਵੱਲੋਂ ਆਪਣੇ ਪੱਧਰ ਤੇ ਵਕੀਲ ਕਰਨ ਵਿੱਚ ਦਿੱਕਤ ਆ ਰਹੀ ਹੈ ਤਾਂ ਕੇਸ ਦੀ ਅਹਿਮਿਅਤ ਨੂੰ ਸਮਝਦੇ ਹੋਏ ਵਧੀਆ ਤੋਂ ਵਧੀਆ ਵਕੀਲ ਕਰਨ ਖਾਤਰ ਇਸਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ, ਤਾਂ ਜੋ ਭੱਵਿਖ ਵਿੱਚ ਨਗਰ ਨਿਗਮ ਨੂੰ ਕਿਸੇ ਕਿਸਮ ਦਾ ਕੋਈ ਮਾਲੀ ਨੁਕਸਾਨ ਨਾ ਹੋਵੇ। ਫੀਸ ਦੀ ਅਦਾਇਗੀ ਕਰਨ ਖਾਤਰ ਬਠਿੰਡਾ ਸ਼ਹਿਰ ਦੀਆਂ ਸਾਰੀਆਂ ਕਮੇਟੀਆਂ/ ਨਗਰ ਕੌਂਸਲਾਂ ਨਾਲ ਵੀ ਤਾਲਮੇਲ ਕਰ ਲਿਆ ਜਾਵੇ। ਇਸਤੇ ਮੈਂਬਰ ਸਾਹਿਬਾਨ ਵੱਲੋਂ ਸਹਿਮਤੀ ਜਤਾਈ ਗਈ।

**ਮਤਾ ਨੰਬਰ 3: ਉਕਤ ਅਨੁਸਾਰ ਪ੍ਰਵਾਨ ਹੈ।**

**ਏਜੰਡਾ ਨੰਬਰ 4 :**

ਰਿਪੋਰਟ ਸਵੱਛ ਭਾਰਤ ਮਿਸ਼ਨ ਸ਼ਾਖਾ ਕਿ As the Concessionaire (M/s JITF Urban Waste Management (Bathinda) Limited has invoked the Arbitration process by letter dated 20/3/2019 referring the disputes resolution process as per the concession Agreement Chapter 11 of Disputes.

This is stated that for the start of Arbitration as per Concession agreement Article 11, Cl.11.2, the due process is completed and we have got the final orders of Second Level of Appellate Authority i.e. Principal Secretary(PSLG), Local Government and of DoLG (First Appellate) meetings (as per 11.1.b. Amicable Resolution), which were the prerequisite for appointment of arbitrators and to start the Arbitration proceedings as per the Concession Agreement signed on 23-11- 2011.

Hence, we requested the CEO cum Secretary local government PMIDC to appoint a suitable Arbitrator from our side to start the process of Arbitration for Bathinda Cluster in accordance to the Concession Agreement Article 11 of Disputes Cl. No. 11.2 as this process of Appointment of arbitrator from our side must have to be completed in 30 days from 20/3/2019 the date of notice invoking the Arbitration process by the Concessionaire. In the process, then we received Memo no. PMIDC 2019 3715 dated April1st 2019 instructing and guiding MC Bathinda to approach Punjab Infrastructure Regulatory Authority (PIRA) for appointment of

arbitrator on our behalf. So, following the instructions from state we requested the Chairman, PIRA to appoint a arbitrator by our letter no. 1095 dated 2/4/2019.

Then, responding to our request PIRA has sent their consent to act as Arbitrator on our behalf sending Memo. No. PI RA/2019/46, dated S.A.S.Nagar / 5-4-2019 through email dated 5-4-2019, as per the provisions of the Punjab Infrastructure (Development & Regulation) Act, 2002. Further both appointed arbitrator has finalized justice AK Sikri as the third presiding arbitrator. First hearing of the case was fixed on 22 May 2019 by the presiding arbitrator at New Delhi. This hearing was attended by the representatives of both the Concessioner M/s JITF Urban Waste Management (Bathinda) Ltd and Concessioning Authority MC Bathinda. The orders issued of 1st hearing of Tribunal Dated: 22-05-19 are mainly about the schedule /dates of submissions of claims/reply/counter claims etc related guidelines and the fee related instructions.This is submitted that as per directions of the Arbitral Tribunal dated 22-5-2019 the Concessionaire (Claimant) has submitted their claim statement to the tribunal and copy to us of Rs. 753.75 Cr . Now as per directions of Tribunal, it is our turn to file the reply & our Counter Claims by 31st July, 2019.

This is hereby submitted that the name of Adv. Rameeza Hakeem, Additional Advocate General Punjab has been approved by Local Government of Punjabby his Memo no CE 2019- 5217 dated 14-06-2019 in response to our request letter no 1665 dated 10-6-2019. Meantime the Counsel was out of station and hence the first meeting was fixed for 4th July, 2019. This is submitted that as per instructions and citing the importance of this matter, we have approached and discuss the matter with Adv. Rameeza Hakeem Additional Advocate General of Punjab for defending /representing the Municipal Corporation Bathinda before the Arbitral Tribunal. Now Adv. Rameeza Hakeem Additional Advocate General of Punjab has sent a letter dated: 04-07-2019 regarding the fee structure for defending & representing Municipal Corporation Bathinda before the Arbitral Tribunal in the arbitration matter of M/s JITF Urban Management (Bathinda) Ltd. details as below:

| **Sr. No.** | **Description of Legal Service** | **Amount (in Rs.)** |
|---|---|---|
| 1. | Retainer | Rs. 5,00,000/- |
| 2. | Appearance per hearing at Delhi | Rs. 2,50,000/- |
| 3. | Appearance per hearing at Chandigarh | Rs. 1,00,000/- |
| 4. | Drafting/ vetting per document | Rs. 55,000/- |
| **Note:** The above fee is exclusive of travel related expenses and costs if any. | | |

Further, this is also proposed by Adv. Rameeza Hakeem Additional Advocate General of Punjab in her letter dated. 04-07-2019 and during discussions that as due to the volume of the paper work involved and the complexity of the issues as well as the quantum of claims raised she require the assistance of a junior counsel Ms. Diya Sodhi for representing MC Bathinda in the matter of arbitration matter of M/s JITF Urban Management (Bathinda) Ltd. versus Municipal Corporation Bathinda. The schedule of fees of Ms Diya Sodhi as given in letter received from AAG, Punjab is as per following:

| **Sr. No.** | **Description of Legal Service** | **Amount (in Rs.)** |
|---|---|---|
| 1. | Appearance per hearing at Delhi | Rs. 50,000/- |
| 2 | Appearance per hearing at Chandigarh | Rs. 20,000/- |
| 3 | Drafting for document | Rs. 11,000/- |

. This is reported and submitted for approval of the appointment of legal counsel Adv. Rameeza Hakeem Additional Advocate General of Punjab and Ms. Diya Sodhi as Junior Counsel the arbitration matter of M/s JITF Urban Management (Bathinda) Ltd. versus Municipal Corporation Bathinda.

ਉਕਤ ਅਨੁਸਾਰ ਅਦਾਇਗੀ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

<u>ਮਤਾ ਨੰਬਰ 4:</u> ਮਤਾ ਨੰਬਰ 3 ਦੇ ਮੱਦੇ ਨਜ਼ਰ ਪੜ੍ਹਿਆ ਜਾਵੇ।

ਇਸ ਉਪਰੰਤ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਸ਼ਹਿਰ ਵਿੱਚ ਸੀਵਰੇਜ਼ ਦੀਆਂ ਨਵੀਆਂ ਪਾਈਪਾਂ ਅਤੇ ਸੀਵਰ ਸਿਸਟਮ ਵਿੱਚ ਸੁਧਾਰ ਖਾਤਰ 4852.82 ਲੱਖ ਰੁਪਏ ਦਾ **AMRUT** ਸਕੀਮ ਅਧੀਨ ਪ੍ਰੋਜੈਕਟ ਬਣਾ ਕੇ ਫੰਡ ਭੇਜੇ ਜਾ ਰਹੇ ਹਨ। ਇਸ ਪ੍ਰੋਜੈਕਟ ਵਿੱਚ ਕੇਂਦਰ ਸਰਕਾਰ ਦਾ 50%, ਪੰਜਾਬ ਸਰਕਾਰ ਦਾ 30% ਅਤੇ ਨਗਰ ਨਿਗਮ ਦਾ 20% ਹਿੱਸਾ ਹੋਵੇਗਾ। ਇਸ ਸਬੰਧੀ ਉਹਨਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਕੰਮ ਕਰਵਾਉਣ ਲਈ ਕਿਹਾ ਗਿਆ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਇਸ ਮੱਦ ਨੂੰ ਮੀਟਿੰਗ ਦੇ ਸ਼ੁਰੂ ਵਿੱਚ ਅੱਜ ਹੀ ਟੇਬਲ ਤੇ ਪੇਸ਼ ਕੀਤੀ ਤਿੰਨ ਕਿਤਾਬਾਂ ਦੀ ਪ੍ਰੋਜੈਕਟ ਰਿਪੋਰਟ ਨੂੰ ਆਈਟਮ ਬਣਾ ਕੇ ਵਿਚਾਰ ਲਿਆ ਗਿਆ ਹੈ ਅਤੇ ਇਸਦੀ ਪ੍ਰਵਾਨਗੀ ਵੀ ਦੇ ਦਿੱਤੀ ਗਈ ਹੈ। ਜਿਸਤੇ ਮੈਂਬਰ ਸਾਹਿਬਾਨ ਨੇ ਸਹਿਮਤੀ ਵੀ ਜਤਾਈ ਗਈ ਹੈ। ਉਹਨਾਂ ਦਸਿਆ ਕਿ ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਬਰਸਾਤਾਂ ਦੋਰਾਨ ਪਾਣੀ ਭਰ ਜਾਣ ਕਾਰਨ ਲੋਕਾਂ ਦੇ ਜਾਨ ਮਾਲ ਨੂੰ ਨੁਕਸਾਨ ਹੋਣ ਦਾ ਖਤਰਾ ਬਣ ਜਾਂਦਾ ਹੈ। ਸੀਵਰੇਜ਼ ਦੇ ਬੰਦ ਹੋਣ ਕਾਰਨ ਸਾਰਾ ਪਾਣੀ ਸੜ੍ਹਕਾਂ ਤੇ ਖੜ੍ਹਾ ਹੋ ਜਾਂਦਾ ਹੈ। ਸ਼ਹਿਰ ਵਿੱਚ ਸੀਵਰੇਜ਼ ਦੀ ਹਾਲਤ ਅਤੇ ਲੋਕਾਂ ਨੂੰ ਆ ਰਹੀ ਦਿੱਕਤ ਨੂੰ ਦੇਖਦੇ ਹੋਏ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਜਲਦ ਤੋਂ ਟੈਂਡਰ ਲਗਾ ਕੇ ਕੰਮ ਸ਼ੁਰੂ ਕਰਵਾਇਆ ਜਾਵੇ।

ਸ੍ਰ: ਜਗਰੂਪ ਸਿੰਘ ਗਿੱਲ, ਕੋਂਸਲਰ ਨੇ ਕਿਹਾ ਕਿ ਉਹਨਾਂ ਪਾਸ ਸਰਕਾਰ ਦੀ ਸਾਲ 1977 ਦੀ ਚਿੱਠੀ ਹੈ, ਜਿਸ ਵਿੱਚ ਸਪਸ਼ਟ ਤੋਰ ਤੇ ਲਿਖਿਆ ਗਿਆ ਹੈ ਕਿ ਪਾਣੀ ਅਤੇ ਸੀਵੇਰਜ਼ ਸਬੰਧੀ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਹੀ ਕਰਵਾਏ ਜਾਣਗੇ। ਇਸ ਲਈ ਫੰਡ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸ ਭੇਜ ਕੇ ਕੰਮ ਕਰਵਾ ਲਿਆ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਮੈਂਬਰ ਸਾਹਿਬਾਨ ਦੀ ਸਹਿਮਤੀ ਨਾਲ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਕਰਵਾ ਲਿਆ ਜਾਵੇ। ਇਸ ਸਬੰਧੀ ਉਹਨਾਂ ਵੱਲੋਂ ਪਹਿਲਾਂ ਹੀ ਪੱਤਰ ਨੰਬਰ 2052 ਮਿਤੀ 05.07.2019 ਰਾਹੀਂ ਕੰਮ ਕਰਵਾਉਣ ਖਾਤਰ ਨਿਗਮ ਦਫਤਰ ਨੂੰ ਲਿਖਿਆ ਗਿਆ ਹੈ। ਇਸ ਸਬੰਧੀ ਹੋਣ ਵਾਲਾ ਕੰਮ ਚੁਣੇ ਹੋਏ ਨੁਮਾਇੰਦਿਆਂ ਦੀ ਰਿਕੋਮੈਂਡੇਸ਼ਨ ਨਾਲ ਹੀ ਕਰਵਾਇਆ ਜਾਵੇ।

ਸ੍ਰ: ਜਗਰੂਪ ਸਿੰਘ ਗਿੱਲ, ਕੋਂਸਲਰ ਨੇ ਕਿਹਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨਗਰ ਨਿਗਮ ਦੀ ਏਜੰਸੀ ਹੈ, ਜਿਸਦੀ ਨਗਰ ਨਿਗਮ ਹੈਡ ਹੈ। ਕੰਮ ਦੀ ਸੁਪਰਵੀਜ਼ਨ ਨਗਰ ਨਿਗਮ ਵੱਲੋਂ ਕੀਤੀ ਜਾਣੀ ਹੈ। ਉਹਨਾਂ ਸਰਕਾਰ ਦੇ ਪੱਤਰ ਨੰ: 1189 ਮਿਤੀ 12.01.1977 ਨੂੰ ਪੜ੍ਹਦੇ ਹੋਏ ਕਿਹਾ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੰਮਾਂ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸ ਫੰਡਜ਼ ਭੇਜ ਕੇ ਕੰਮ ਕਰਵਾਏ ਜਾਣ। ਸਿਰਫ 1.00 ਲੱਖ ਰੁਪਏ ਦੇ ਸਪੈਸ਼ਲ ਤੋਰ ਤੇ ਕਰਵਾਏ ਜਾਣ ਵਾਲੇ ਕੰਮ ਹੀ ਨਿਗਮ ਦਫਤਰ ਵੱਲੋਂ ਕਰਵਾਏ ਜਾ ਸਕਦੇ ਹਨ। ਉਹਨਾਂ ਇਸ ਸਬੰਧੀ ਵੋਟਿੰਗ ਕਰਵਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਇਸ ਸਬੰਧੀ ਵੋਟਿੰਗ ਕਰਵਾਉਣ ਦੀ ਕੋਈ ਲੋੜ੍ਹ ਹੀ ਨਹੀਂ ਹੈ ਕਿਉਂ ਜੋ ਮੀਟਿੰਗ ਵਿੱਚ ਮੋਜੂਦ ਕਿਸੇ ਵੀ ਮੈਂਬਰ ਸਾਹਿਬਾਨ ਨੂੰ ਇਸ ਮੱਦ ਨੂੰ ਪਾਸ ਕਰਨ ਤੇ ਕੋਈ ਇਤਰਾਜ਼ ਹੀ ਨਹੀਂ ਹੈ। ਸਾਰੇ ਹਾਊਸ ਵੱਲੋਂ ਇਸਤੇ ਸਹਿਮਤੀ ਜਤਾਈ ਗਈ ਹੈ। ਨਗਰ ਨਿਗਮ ਦੀ ਦੇਖਰੇਖ ਵਿੱਚ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਤੁਰੰਤ ਅਤੇ ਮਿਤੀਬੱਧ ਸਮੇਂ ਅੰਦਰ ਕਰਵਾਏ ਜਾਣ ਤਾਂ ਜੋ ਲੋਕਾਂ ਨੂੰ ਸੀਵਰੇਜ਼ ਤੋਂ ਆ ਰਹੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾ ਸਕੇ।

<u>ਮਤਾ ਨੰਬਰ 5:</u> ਉਕਤ ਅਨੁਸਾਰ ਪ੍ਰਵਾਨ ਹੈ।

ਮੇਅਰ
ਨਗਰ ਨਿਗਮ, ਬਠਿੰਡਾ।